# NARRATIVE OF BEING A WOMAN: TAKHT HAZARA DUR KUDE

# ਔਰਤ ਹੋਣੀ ਦਾ ਬਿਰਤਾਂਤ : ਤਖਤ ਹਜ਼ਾਰਾ ਦੂਰ ਕੁੜੇ

**ਡਾ. ਲਖਵੀਰ ਲੈਜ਼ੀਆ** (Dr. Lakhvir Lezia)

**ਸਹਾਇਕ ਪ੍ਰੋਫੈਸਰ, ਪੰਜਾਬੀ ਵਿਭਾਗ**

**ਪੰਜਾਬ ਕੇਂਦਰੀ ਯੂਨੀਵਰਸਿਟੀ, ਘੁੱਦਾ, ਬਠਿੰਡਾ (ਪੰਜਾਬ)**

Email ID: lezia.lakhvir@gmail.com ਮੋਬਾਈਲ: +91- *75890-88435*

**ABSTRACT**

*ਦਲੀਪ ਕੌਰ ਟਿਵਾਣਾ ਨੇ ਆਪਣੇ ਨਾਵਲ 'ਤਖਤ ਹਜ਼ਾਰਾ ਦੂਰ ਕੁੜੇ' ਰਾਹੀ ਇਸਤਰੀ ਜਾਤੀ ਦੀਆਂ ਸਥਿਤੀਆਂ ਨੂੰ ਇਕ ਤੋਂ ਵੱਧ ਪਰਤਾਂ ਵਿਚ ਰੱਖ ਕੇ ਪੇਸ਼ ਕੀਤਾ ਹੈ। ਟਿਵਾਣਾ ਦੇ ਹੋਰ ਨਾਵਲਾਂ ਦੀ ਤਰ੍ਹਾਂ ਇਸ ਨਾਵਲ ਦਾ ਕੇਂਦਰੀ ਥੀਮ ਵੀ ਭਾਵੇਂ ਔਰਤ ਦੀ ਹੋਂਦ ਨਾਲ ਸੰਬੰਧਤ ਹੈ, ਪ੍ਰੰਤੂ ਇਸ ਨਾਵਲ ਦੀ ਨਾਇਕਾ ਮੀਰਾ ਆਪਣੇ ਸੰਸਕਾਰਾਂ ਅਤੇ ਸਥਿਤੀਆਂ ਹੱਥੋਂ ਮਜ਼ਬੂਰ ਨਹੀਂ ਹੁੰਦੀ, ਸਗੋਂ ਉਹ ਸੁਚੇਤ, ਸਜੱਗ ਅਤੇ ਚੇਤਨ ਯੁਗ ਦੀ ਔਰਤ ਦੇ ਰੂਪ ਵਿਚ ਆਪਣੇ-ਆਪ ਨੂੰ ਪੇਸ਼ ਕਰਦੀ ਹੋਈ ਸਮਾਜਿਕ ਵਿਵਸਥਾ ਪ੍ਰਤਿ ਰੋਸ ਪ੍ਰਗਟ ਕਰਦੀ ਹੈ। ਉਹ ਆਪਣੀ ਹੋਂਦ ਅਤੇ ਹੱਕਾਂ ਲਈ ਆਪਣੀ ਸਥਿਤੀ 'ਚੋਂ ਉਭਰਨ ਦੇ ਕਾਬਿਲ ਹੋ ਚੁੱਕੀ ਹੈ। ਟਿਵਾਣਾ ਨੇ ਇਸ ਨਾਵਲ ਰਾਹੀਂ ਵਿਸ਼ਵ ਪੱਧਰ 'ਤੇ ਔਰਤ ਦੀ ਸਥਿਤੀ ਨੂੰ ਸਾਡੇ ਸਾਹਮਣੇ ਰੱਖਿਆ ਹੈ, ਜਿਸ ਵਿਚ ਪੀੜ੍ਹੀ ਦਰ ਪੀੜ੍ਹੀ ਔਰਤ ਦੀ ਸਥਿਤੀ ਕਿੰਨੀ ਕੁ ਤਬਦੀਲ ਹੁੰਦੀ ਹੈ, ਉਹ ਕਿਸ ਤਰਾਂ ਦਾ ਤਨਾਅ ਭੋਗਦੀ ਹੈ। ਨਾਵਲਕਾਰਾਂ ਨੇ ਇਸ ਨਾਵਲ 'ਚ ਇਸਤਰੀ ਦੇ ਦੁੱਖ, ਸੰਤਾਪ ਅਤੇ ਕਰੁਣਾਮਈ ਜੀਵਨ ਦਾ ਸੰਬੰਧ ਪੁਰਸ਼ ਪ੍ਰਧਾਨ ਸਮਾਜ, ਸਭਿਆਚਾਰ ਦੇ ਸੰਦਰਭ ਵਿਚ ਪੇਸ਼ ਕੀਤਾ ਹੈ, ਜੋ ਉਸ ਨੂੰ ਪਿੱਤਰੀ ਸੱਤਾ ਦੀ ਕੈਦ 'ਚੋਂ ਮੁਕਤ ਨਹੀਂ ਹੋਣ ਦਿੰਦਾ, ਜੇਕਰ ਉਹ ਕੋਈ ਮਾਰਗ ਅਖ਼ਤਿਆਰ ਵੀ ਕਰਦੀ ਹੈ ਤਾਂ ਉਸ ਨੂੰ ਉਸ ਦਾ ਵੀ ਸੰਤਾਪ ਭੋਗਣਾ ਪੈਂਦਾ ਹੈ, ਇਥੋਂ ਤਕ ਹੀ ਨਹੀਂ ਉਸ ਦਾ ਉਸ ਦੀ ਅਗਲੀ ਪੀੜ੍ਹੀ ਉਸ ਦੀ ਔਲਾਦ ਵਿਸ਼ੇਸ਼ ਤੌਰ 'ਤੇ ਔਰਤ ਹੀ ਹੰਢਾਉਂਦੀ ਹੈ।*

***ਕੀਵਰਡ :* *ਪ੍ਰਕਿਰਤੀ, ਲਿੰਗਿਕ ਵਿਤਕਰਾ, ਸੰਘਰਸ਼, ਪਿੱਤਰੀ ਸੱਤਾ, ਮਲਕੀਅਤ, ਨਿੱਜੀ ਸੰਪੱਤੀ, ਵਿਕਾਸਸ਼ੀਲ ਸਮਾਜ।***

ਮਨੁੱਖ ਕੁਦਰਤ ਦੀ ਖ਼ੂਬਸੂਰਤ ਸਿਰਜਣਾ ਹੈ ਜੋ ਪ੍ਰਕਿਰਤੀ ਨਾਲ ਨਿਰੰਤਰ ਸੰਘਰਸ਼ ਕਰਦਾ ਆ ਰਿਹਾ ਹੈ। ਜਿਵੇਂ-ਜਿਵੇਂ ਉਸ ਦੀ ਚੇਤਨਾ ਦਾ ਵਿਕਾਸ ਹੁੰਦਾ ਗਿਆ ਉਹ ਪ੍ਰਕਿਰਤੀ ਨੂੰ ਨਿਯੰਤਰਿਤ ਕਰਦਾ ਗਿਆ। ਹੌਲੀ-ਹੌਲੀ ਉਹ ਇਸ ਵਿਚ ਸਫ਼ਲਤਾ ਪ੍ਰਾਪਤ ਕਰਦਾ ਗਿਆ। ਹੁਣ ਉਸ ਨੇ ਮਨੁੱਖ ਨੂੰ ਵੀ ਆਪਣੇ ਅਧੀਨ ਕਰ ਲਿਆ। ਇਹ ਅਧੀਨਤਾ ਧੀਮੀ ਗਤੀ ਵਿੱਚ ਵਿਕਾਸ ਕਰਦੀ ਹੋਈ ਔਰਤ-ਮਰਦ ਦੇ ਸਬੰਧਾਂ ਚ ਤਬਦੀਲ ਹੋ ਕੇ ਲਿੰਗਕ ਵਿਤਕਰੇ ਤਕ ਆਪਣਾ ਵਿਕਾਸ ਕਰਦੀ ਹੈ ਇਹ ਲਿੰਗਿਕ ਵਿਤਕਰਾ ਔਰਤ ਨੂੰ ਸਮਾਜਿਕ ਪੱਧਰ ਉੱਤੇ ਮਰਦ ਦਾ ਗੁਲਾਮ ਬਣਾਓਂਦਾ ਹੈ, ਜਿਸ ਕਾਰਨ ਉਸ ਦੀ ਆਪਣੀ ਹੋਂਦ ਖ਼ਤਮ ਹੋ ਜਾਂਦੀ ਹੈ ਜਾਂ ਖ਼ਤਰੇ ਵਿੱਚ ਪੈ ਜਾਂਦੀ ਹੈ। ਜਦੋਂ ਇਹ ਸਥਿਤੀ ਸ਼੍ਰੇਣੀ ਸਮਾਜਾਂ ਵਿੱਚ ਅਮਲੀ ਪੱਧਰ 'ਤੇ ਵਾਪਰਦੀ ਹੈ ਤਾਂ ਸੰਘਰਸ਼ ਦਾ ਮਾਰਗ ਅਖਤਿਆਰ ਕਰਦੀ ਹੈ। ਇਸੇ ਸੰਘਰਸ਼ ਵਿੱਚੋਂ ਔਰਤ ਦੀ ਹੋਂਦ ਅਤੇ ਹੱਕਾਂ ਲਈ ਨਾਰੀਵਾਦ ਦਾ ਉਦੈ ਹੋਇਆ, ਜਿਸ ਨੇ ਔਰਤ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ।

ਵਾਸਤਵਿਕ ਰੂਪ ਵਿਚ ਨਾਰੀਵਾਦ ਇਕ ਧਾਰਨਾ ਹੈ। ਵਿਚਾਰਧਾਰਕ ਪੱਧਰ 'ਤੇ ਇਸ ਦਾ ਪ੍ਰਗਟਾ ਇਸ ਵਿਚ ਹੈ ਕਿ ਔਰਤ ਇਕ ਵਿਵੇਕਸ਼ੀਲ ਪ੍ਰਾਣੀ ਅਤੇ ਸੁਤੰਤਤਰ ਵਿਅਕਤੀ ਦੇ ਤੌਰ 'ਤੇ ਹਰ ਤਰ੍ਹਾਂ ਨਾਲ ਮਰਦ ਦੇ ਬਰਾਬਰ ਹੈ। ਇਸ ਲਈ ਨਾਰੀਵਾਦੀ ਚਿੰਤਨ ਪਿੱਤਰੀ ਸੱਤਾ ਦੇ ਦਮਨ ਤੇ ਦਾਬੇ ਨੂੰ ਮੁਢੋਂ ਹੀ ਰੱਦ ਕਰਦਾ ਹੈ। *Encyclopaedia of Britannica* ਦੇ ਅਨੁਸਾਰ:-

> *"ਨਾਰੀਵਾਦ ਇਕ ਅਜਿਹੀ ਧਾਰਨਾ ਹੈ ਜਿਸ ਦਾ ਜਨਮ ਥੋੜੇ ਸਮੇਂ ਤੋਂ ਹੋਇਆ ਹੈ। ਇਹ ਧਾਰਨਾ ਉਨਾਂ ਉਦੇਸ਼ਾ ਤੇ ਵਿਚਾਰਾਂ ਦੀ ਪ੍ਰਤਿਨਿਧਤਾ ਕਰਦੀ ਹੈ ਜਿਹੜੇ ਇਸਤਰੀਆਂ ਦੇ ਅਧਿਕਾਰਾਂ ਦੇ ਪੱਖ ਵਿਚ ਚਲਾਏ ਗਏ ਅੰਦੋਲਨਾਂ ਦੇ ਨਾਲ ਸੰਬੰਧਿਤ ਹਨ। ਇਸ ਵਿਚ ਅੰਦੋਲਨ ਦੇ ਨਿੱਜੀ, ਸਮਾਜਕ, ਰਾਜਨੀਤਿਕ ਤੇ ਆਰਥਿਕ ਪੱਖ ਸ਼ਾਮਿਲ ਹਨ ਤੇ ਇਸ ਦਾ ਉਦੇਸ਼ ਇਸਤਰੀਆਂ ਨੂੰ ਪੁਰਖਾਂ ਦੇ ਬਰਾਬਰ ਪੂਰਨ ਸਮਾਨਤਾ ਦੇ ਪੱਧਰ 'ਤੇ ਲਿਆਉਣਾ ਹੈ।"* [1]

ਆਦਿ ਸਮਾਜਾਂ 'ਚੋਂ ਲੰਘਦੇ ਹੋਏ ਅਸੀਂ ਅਜੋਕੇ ਯੁਗ ਤੱਕ ਪੁੱਜੇ ਹਾਂ। ਆਦਿ ਸਮਾਜਾਂ ਦਾ ਮੁਢਲਾ ਦੌਰ ਮਨੁੱਖ ਦੀ ਨਿੱਜਤਾ/ਨਿੱਜੀ ਲਾਲਸਾ ਤੇ ਲੁੱਟ-ਖਸੁੱਟ ਦੀ ਭਾਵਨਾ ਤੋਂ ਰਹਿਤ ਸੀ। ਔਰਤ ਦੀ ਆਰਥਿਕ ਖੇਤਰ 'ਚ ਦੇਣ ਉਪਯੋਗੀ ਅਤੇ ਲੋੜੀਂਦੀਆਂ ਵਸਤਾਂ ਨੂੰ ਜੰਗਲ ਤੋਂ ਇਕੱਤਰ ਕਰਨ ਦੇ ਅਨੁਭਵ ਨੇ ਉਸ ਨੂੰ ਮੁਢਲੀ ਦਸਤਕਾਰੀ, ਸਿਖਾਈ। ਔਜਾਰ ਯੁੱਗ ਨੇ ਮਨੁੱਖ ਨੂੰ ਵੱਧ ਸ਼ਕਤੀਸ਼ਾਲੀ ਬਣਾਇਆ। ਪੈਦਾਵਾਰ ਦੇ ਸੰਸਾਧਨਾਂ ਅਤੇ ਸੰਦਾਂ ਨੇ ਕਬੀਲਾਈ ਸਮਾਜ ਵਿਚ

ਮਰਦ ਅਤੇ ਔਰਤ ਦੀ ਚਲੀ ਆ ਰਹੀ ਬਰਾਬਰੀ ਨੂੰ ਖੋਰਾ ਲਾਇਆ। ਜਿਵੇਂ-ਜਿਵੇਂ ਮਰਦ ਦੀ ਮਲਕੀਅਤ ਪਸ਼ੂ-ਪਾਲਣ, ਖੇਤੀ ਅਤੇ ਔਜਾਰਾ 'ਤੇ ਕਾਇਮ ਹੁੰਦੀ ਗਈ, ਉਸੇ ਰੂਪ ਵਿਚ ਉਸ ਨੇ ਔਰਤ 'ਤੇ ਵੀ ਆਪਣੀ ਮਲਕੀਅਤ ਬਣਾਈ। ਨਿੱਜੀ ਸੰਪੱਤੀ ਦੀ ਸੰਸਥਾ ਨੇ ਸਮਾਜਿਕ ਬਣਤਰ ਦਾ ਸਮੁੱਚਾ ਢਾਂਚਾ ਤਬਦੀਲ ਕਰ ਦਿੱਤਾ। ਨਿੱਜੀ ਸੰਪੱਤੀ ਦੀ ਲਾਲਸਾ ਨੇ ਔਰਤ 'ਤੇ ਕਈ ਤਰ੍ਹਾਂ ਦੀਆਂ ਸਮਾਜਿਕ, ਧਾਰਮਿਕ ਅਤੇ ਸਭਿਆਚਾਰਕ ਵਰਜਣਾਵਾ ਲਗਾਈਆਂ। ਔਰਤ ਦੇ ਮਨ ਵਿਚ ਪਤੀਬ੍ਰਤਾ ਧਰਮ ਦਾ ਸੰਕਲਪ, ਰਹੁ-ਰੀਤਾਂ, ਰਸਮ-ਰਿਵਾਜ ਆਦਿ ਥੋਪ ਦਿੱਤੇ ਗਏ। Simon De Beauvoir ਲਿਖਦੀ ਹੈ:-

*"ਇਤਿਹਾਸ ਇਹ ਦਰਸਾਉਂਦਾ ਹੈ ਕਿ ਪਿਤਰੀ ਸਮਾਜ ਦੇ ਮੁਢਲੇ ਸਮੇਂ ਤੋਂ ਹੀ ਮਰਦ ਨੇ ਸਾਰੇ ਨਿੱਗਰ ਅਧਿਕਾਰ ਆਪਣੇ ਹੱਥਾਂ ਵਿਚ ਲੈ ਲਏ ਅਤੇ ਇਹਨਾਂ ਅਧਿਕਾਰਾਂ ਦੇ ਬਲ ਨਾਲ ਹੀ ਉਸ ਨੇ ਔਰਤ ਦੇ ਵਿਰੁੱਧ ਤਿਆਰ ਕੀਤੀਆਂ ਗਈਆਂ ਜਿਸ ਨੇ ਔਰਤ ਦੀ ਵੱਖਰਤਾ ਨੂੰ ਸਥਾਪਿਤ ਕੀਤਾ। ਇਹ ਵਿਵਸਥਾ ਜਿਥੇ ਮਰਦ ਦੇ ਆਰਥਿਕ ਹਿੱਤਾਂ ਦੀ ਸੁਰੱਖਿਆ ਲਈ ਅਨੁਕੂਲ ਸੀ, ਉਥੇ ਮਰਦ ਦੇ ਤੱਤ-ਸ਼ਾਸਤਰ ਅਤੇ ਨੈਤਿਕ ਅਡੰਬਰ ਲਈ ਅਨੁਕੂਲ ਸੀ"।* [2]

ਇਸਤਰੀ ਜਾਤੀ, ਦੀ ਮੁਕਤੀ ਦੇ ਸੰਬੰਧ ਵਿਚ ਆਪਣਾ ਵਿਚਾਰ ਪੇਸ਼ ਕਰਦਿਆਂ S.A.Dange ਨੇ ਲਿਖਿਆ ਹੈ:-

*"ਸ਼ੂਦਰ ਦਾਸ ਦੇ ਨਾਲ-ਨਾਲ ਇਸਤਰੀ ਜਾਤੀ ਦੀ ਆਜ਼ਾਦੀ ਵੀ ਖੁੱਸ ਗਈ। ਜਦੋਂ ਨਿੱਜੀ ਜਾਇਦਾਦਾਂ ਦੀ ਸੰਸਥਾ ਹੋਂਦ 'ਚ ਆ ਗਈ। ਨਿੱਜੀ ਜਾਇਦਾਦ 'ਤੇ ਆਧਾਰਿਤ ਦਾਸ ਸਮਾਜ ਸਦੀਆਂ ਤੋ ਕਾਇਮ ਰਿਹਾ, ਪ੍ਰੰਤੂ ਇਹ ਹੌਲੀ-ਹੌਲੀ ਜਗੀਰਦਾਰੀ ਸਮਾਜ ਵਿਚ ਬਦਲ ਗਿਆ ਅਤੇ ਅਖੀਰ ਵਿਚ ਇਸ ਸਮਾਜ ਦੀ ਥਾਂ ਵਰਮਤਾਨ ਪੂੰਜੀਵਾਦੀ ਸਮਾਜ ਨੇ ਲੈ ਲਈ। ਇਸ ਪਰਿਵਰਤਨ ਨਾਲ ਇਸਤਰੀ ਦੀ ਦਾਸਤਾਨ ਦਾ ਸਰੂਪ ਵੀ ਬਦਲ ਗਿਆ। ਦਾਸੀ ਤੋਂ ਉਹ ਔਰਤ ਬਣੀ ਅਤੇ ਵਰਤਮਾਨ ਪੂੰਜੀਵਾਦੀ ਸਮਾਜ ਵਿਚ ਉਸ ਦਾ ਦਰਜਾ ਪ੍ਰੋਲਤਾਰੀ ਔਰਤ ਵਾਲਾ ਬਣ ਗਿਆ ਪਰ ਉਸ ਦੀ ਅਧੀਨਗੀ ਵਿਚ ਕੋਈ ਫ਼ਰਕ ਨਾ ਪਿਆ"।* [3]

ਅਮਲੀ ਰੂਪ ਵਿਚ ਜਿਵੇਂ-ਜਿਵੇਂ ਸਮਾਜਕ ਪੱਧਰ 'ਤੇ ਪੈਦਾਵਾਰ ਦੀਆਂ ਸ਼ਕਤੀਆਂ ਅਤੇ ਪੈਦਾਵਾਰ ਦੇ ਸੰਬੰਧਾਂ ਵਿਚਕਾਰ ਪਾੜਾ ਵਧਦਾ ਗਿਆ, ਔਰਤ ਅਤੇ ਮਰਦ ਵਿਚਕਾਰ ਲਿੰਗ ਦੇ ਆਧਾਰ 'ਤੇ ਵਖਰੇਵਾਂ ਅਤੇ ਵਿਤਕਰਾ ਵੀ ਵਧਦਾ ਗਿਆ। ਇਸ ਸੰਦਰਭ ਵਿਚ M.H.Kidwai ਨੇ ਆਪਣੀ ਪੁਸਤਕ Woman 'ਚ ਲਿਖਿਆ ਹੈ ਕਿ:-

*"ਪ੍ਰਾਚੀਨ ਕਾਨੂੰਨ ਇੰਨੇ ਸਖ਼ਤ ਅਤੇ ਨਿਰਦਈ ਸਨ ਕਿ ਇਸਤਰੀਆਂ ਪਾਦਰੀਆਂ, ਪਤੀਆਂ ਅਤੇ ਨਿਗਾਹਬਾਨਾਂ ਦੀ ਲਗਾਤਾਰ ਸਰਪ੍ਰਸਤੀ ਵਿਚ ਰਹਿਣ ਲਈ ਮਜਬੂਰ ਕੀਤੀਆਂ ਜਾਂਦੀਆਂ ਸਨ। ਇਸਤਰੀ ਜਾਤੀ, ਜਿਹੜੀ ਪੁਰਸ਼ ਜਾਤੀ ਨੂੰ ਪ੍ਰਸੰਨ ਰੱਖਣ ਅਤੇ ਉਸ ਦਾ ਹੁਕਮ ਮੰਨਣ ਲਈ ਬਣਾਈ ਗਈ ਹੈ, ਉਮਰ ਭਰ ਤਰਕਸ਼ੀਲ ਜਾਂ ਅਨੁਭਵੀ ਵਿਅਕਤਿਤਵ ਗ੍ਰਹਿਣ ਨਹੀਂ ਕਰ ਸਕਦੀ"।* [4]

*"ਇਸ ਕਰਕੇ ਹੀ ਏਂਗਲਜ਼ ਨੇ ਨਾਰੀ ਦੀ ਇਸ ਦਾਸਤਾ ਵਾਲੀ ਸਥਿਤੀ ਨੂੰ ਸਭਿਅਤਾ ਦੇ ਯੁਗ ਨਾਲ ਜੋੜਿਆ ਹੈ। ਮਿਹਨਤ ਦੀ ਪਹਿਲੀ ਵੰਡ ਸੰਤਾਨ ਜਨਮ ਦੇ ਸੰਬੰਧ ਵਿਚ ਪੁਰਸ਼ ਅਤੇ ਇਸਤਰੀ ਵਿਚਕਾਰ ਸਥਾਪਿਤ ਹੋਈ। ਇਹ ਵੰਡ ਸਮਾਜ ਵਿਚ ਸ਼੍ਰੇਣੀ ਵਿਰੋਧ ਦੇ ਪ੍ਰਗਟਾਵੇ ਨਾਲ ਇਸਤਰੀ ਪੁਰਸ਼ ਵਿਰੁੱਧ ਵਿਚ ਵਟ ਗਈ। ਇਸ ਪ੍ਰਕਾਰ ਇਸਤਰੀ ਅਤੇ ਪੁਰਸ਼ ਵਿਚਕਾਰ ਸੰਤਾਨ ਉਤਪਤੀ ਬਾਰੇ ਜਿਹੜੀ ਕੁਦਰਤੀ ਵੰਡ ਪੈਦਾ ਹੋਈ ਸੀ, ਉਹ ਸ਼੍ਰੇਣੀ ਸਮਾਜ ਵਿਚ ਇਸਤਰੀ ਦੀ ਦਾਸਤਾਂ ਦਾ ਰੂਪ ਗ੍ਰਹਿਣ ਕਰ ਗਈ, ਕਿਉਂਕਿ ਸ਼੍ਰੇਣੀ ਸਮਾਜ ਵਿਚ ਪਦਾਰਥਕ ਪੈਦਾਵਾਰ ਦੇ ਮੁਖ ਸੋਮਿਆਂ 'ਤੇ ਪੁਰਸ਼ ਦਾ ਅਧਿਕਾਰ ਸਥਾਪਤ ਹੋ ਗਿਆ"।* [5]

ਆਧੁਨਿਕ ਕਾਲ 'ਚ ਜਦੋਂ ਪੂੰਜੀਵਾਦੀ ਸਰਮਾਏਦਾਰੀ ਯੁਗ ਕਾਇਮ ਹੋਇਆ ਤਾਂ ਆਰਥਿਕ ਸੰਕਟ ਵਿਚ ਫਸੇ ਲੋਕ ਰੋਜ਼ੀ-ਰੋਟੀ ਦੀ ਤਲਾਸ਼ 'ਚ ਪੇਂਡੂ ਵਿਵਸਥਾ 'ਚੋਂ ਨਿਕਲਕੇ ਨਵੇਂ ਨਗਰਾਂ 'ਚ ਰੋਜ਼ੀ ਰੋਟੀ ਦੀ ਤਲਾਸ਼ 'ਚ ਆਉਣ ਲੱਗੇ। ਆਰਥਿਕ ਵਿਅਕਤੀਵਾਦ ਦੀ ਭਾਵਨਾ ਔਰਤ ਮਰਦ ਦੋਹਾਂ 'ਚ ਪੈਦਾ ਹੋਈ। ਘਰ ਦੀ ਚਾਰ ਦੀਵਾਰੀ ਤੋਂ ਨਿਕਲਕੇ ਔਰਤ ਫਿਰ ਤੋਂ ਕਰਖਾਨੇ, ਵਪਾਰਕ ਅਦਾਰੇ ਅਤੇ ਪ੍ਰਬੰਧਕੀ ਸੰਸਥਾਵਾਂ 'ਚ ਆਈ। ਜਿਸ ਦੇ ਸਿੱਟੇ ਵਜੋਂ ਔਰਤ ਆਪਣੀ ਹੋਂਦ ਤੇ ਹੱਕਾਂ ਲਈ ਫਿਰ ਤੋਂ ਸੁਚੇਤ ਤੇ ਸਜੱਗ ਹੋਈ। ਇਸੇ ਤਰ੍ਹਾਂ ਯੂਰਪ ਦੇ ਵਿਕਸਿਤ ਤੇ ਵਿਕਾਸਸ਼ੀਲ ਸਰਮਾਏਦਾਰੀ ਮੁਲਕਾਂ 'ਚ ਨਾਰੀ-ਮੁਕਤੀ ਦੀ ਚੇਤਨਾ ਦੇ ਪਾਸਾਰ ਹੋਣ ਲੱਗਾ ਉਸ ਦੇ ਕੁਝ ਮਾਡਲ ਦ੍ਰਿਸ਼ਟੀਗੋਚਰ ਹੁੰਦੇ ਹਨ। ਪੁਨਰ ਉਥਾਨਵਾਦੀ ਮਾਡਲ, ਲੋਕਰਾਜੀ ਉਦਾਰਵਾਦੀ ਮਾਡਲ, ਰੈਡੀਕਲ ਮਾਡਲ ਤੇ ਮਾਰਕਸਵਾਦੀ ਮਾਡਲ।

ਇਹਨਾਂ ਮਾਡਲਾਂ ਦੇ ਅਨੁਸਾਰ ਔਰਤ ਦਾ ਸਭ ਤੋਂ ਵੱਡਾ ਧਰਮ ਮਰਿਆਦਾ 'ਚ ਰਹਿ ਕੇ ਘਰ ਅਤੇ ਸੰਤਾਨ ਆਦਿ ਪ੍ਰਤਿ ਜ਼ਿੰਮੇਵਾਰੀ ਹੈ। ਦੂਸਰੇ ਦੌਰ 'ਚ ਔਰਤ-ਮਰਦ ਦੋਵੇਂ ਕੁਦਰਤੀ ਤੌਰ 'ਤੇ ਭਾਵੇਂ ਵੱਖਰੇ ਹਨ ਪਰ ਦੋਵਾਂ ਦੇ ਕਾਰਜ ਬਰਾਬਰੀ ਦੀ ਮਹੱਤਤਾ ਵਾਲੇ ਹਨ। ਪੂੰਜੀਵਾਦੀ ਸਰਮਾਏਦਾਰੀ ਆਰਥਿਕ ਅਤੇ ਮਾਨਸਿਕ ਪੱਧਰ 'ਤੇ ਔਰਤ ਦੇ ਮਨ 'ਚ ਮੁਕਤੀ ਦੀ ਭਾਵਨਾ ਵਿਕਸਿਤ ਕਰਦੀ

ਹੈ। ਰੈਡੀਕਲ ਨਾਰੀਵਾਦ ਜਿਸ ਨੂੰ ਅਮਰੀਕੀ ਨਾਰੀਵਾਦੀ ਮਾਡਲ ਵੀ ਕਿਹਾ ਜਾਂਦਾ ਹੈ। ਇਸ ਮਾਡਲ ਦੀ ਵਕਾਲਤ ਕਰਨ ਵਾਲੀਆਂ ਔਰਤਾਂ ਉਨ੍ਹਾਂ ਸਾਰੀਆਂ ਵਿਚਾਰਧਾਰਾਵਾਂ, ਸੰਸਥਾਵਾਂ, ਮੁਲਾਂ ਤੇ ਮਾਨਤਾਵਾਂ ਦਾ ਵਿਰੋਧ ਕਰਦੀਆਂ ਹਨ, ਜਿਹੜੀਆਂ ਲਿੰਗ ਵਿਤਕਰੇ ਦਾ ਪ੍ਰਚਾਰ ਕਰਦੀਆਂ ਹਨ। ਨਾਰੀ ਮੁਕਤੀ ਦੇ ਮਾਰਕਸਵਾਦੀ ਨਾਰੀਵਾਦੀ ਮਾਡਲ ਦੀ ਮੂਲ ਧਾਰਨਾ ਇਹ ਹੈ ਕਿ ਨਾਰੀ ਦੀ ਦਾਸਤਾ ਦੀਆਂ ਜੜਾਂ ਪੁਰਸ਼ ਪ੍ਰਧਾਨ ਸ਼੍ਰੇਣੀ ਸਮਾਜ 'ਚ ਪਈਆਂ ਹਨ।ਸਾਹਿਤਕ ਖੇਤਰ ਵਿਚ ਵੀ ਔਰਤ ਦੀ ਇਸ ਤ੍ਰਾਸਦੀ ਉਭਰ ਕੇ ਸਾਹਮਣੇ ਆਉਂਦੀ ਹੈ।ਪੰਜਾਬੀ ਸਾਹਿਤ ਜਗਤ ਵਿਚ ਵੀ ਨਾਰੀਵਾਦੀ ਸੰਕਲਪ ਨੂੰ ਲੈ ਕੇ ਬਹੁਤ ਸਾਰਾ ਸਾਹਿਤ ਸਿਰਜਿਆ ਗਿਆ।

ਪੰਜਾਬੀ ਸਾਹਿਤ ਜਗਤ ਦੀ ਪ੍ਰਸਿੱਧ ਤੇ ਪ੍ਰਬੁੱਧ ਨਾਵਲਕਾਰਾਂ ਤੇ ਕਹਾਣੀਕਾਰਾਂ ਦਲੀਪ ਕੌਰ ਟਿਵਾਣਾ ਔਰਤ ਦੀ ਕਰੁਣਾਮਈ ਵੇਦਨਾ ਤੇ ਸੰਵੇਦਨਾ ਤੋਂ ਭਲੀ-ਭਾਂਤ ਜਾਣੂ ਹੈ। ਉਸ ਦੇ ਰਚਨਾ ਜਗਤ ਵਿੱਚ ਹਰ ਵਰਗ ਵਿਸ਼ੇਸ਼ ਦੀ ਔਰਤ ਦੀ ਸਥਿਤੀ ਦ੍ਰਿਸ਼ਟੀਗੋਚਰ ਹੁੰਦੀ ਹੈ, ਜੋ ਔਰਤ ਹੋਣੀ ਦਾ ਸੰਤਾਪ ਹੰਢਾਉਂਦੀ ਹੈ।ਸਰਸਵਤੀ ਪੁਰਸਕਾਰ ਅਤੇ ਸਾਹਿਤ ਅਕਾਦਮੀ ਪੁਰਸਕਾਰ ਦੀ ਵਿਜੇਤਾ ਦਲੀਪ ਕੌਰ ਟਿਵਾਣਾ ਪੰਜਾਬੀ ਸਾਹਿਤ ਜਗਤ ਵਿਚ ਵਿਲੱਖਣ ਸਥਾਨ ਰੱਖਦੀ ਹੈ। ਉਸ ਨੇ ਨਾਵਲ, ਕਹਾਣੀ, ਜੀਵਨੀ, ਸਵੈ-ਜੀਵਨੀ, ਸਾਹਿਤਕ ਸਵੈ-ਜੀਵਨੀ, ਵਾਰਤਕ (ਤੇਰੇ ਮੇਰੇ ਸਰੋਕਾਰ), ਰੇਖਾ ਚਿੱਤਰ (ਜਿਊਣ ਜੋਗੇ) ਆਦਿ ਦੀ ਰਚਨਾ ਕੀਤੀ। ਆਧੁਨਿਕ ਪੰਜਾਬੀ ਗਲਪ ਦੇ ਰੂਪ ਨਾਵਲ ਅਤੇ ਨਿਕੀ ਕਹਾਣੀ ਵਿਚ ਨਾਰੀ ਪ੍ਰਤਿ ਸੁਹਿਰਦ ਸੰਵੇਦਨਸ਼ੀਲਤਾ ਦੁਆਰਾ ਆਪਣੀਆਂ ਰਚਨਾਵਾਂ ਸਾਹਿਤ ਜਗਤ ਦੀ ਝੋਲੀ ਪਾਈਆ। ਦਲੀਪ ਕੌਰ ਟਿਵਾਣਾ ਨੇ 35 ਦੇ ਕਰੀਬ ਪੰਜਾਬੀ ਸਾਹਿਤ ਨੂੰ ਨਾਵਲ ਰੂਪ ਵਿਚ ਆਪਣੀਆਂ ਰਚਨਾਵਾਂ ਭੇਟ ਕੀਤੀਆਂ। ਉਸ ਦੀ ਗਲਪਕਾਰੀ ਦੀ ਸਿਰਜਣਾਤਮਕਤਾ ਦਾ ਮੁਖ ਮਨੋਰਥ ਇਸਤਰੀ ਜਾਤੀ ਦੇ ਸੁਤੰਤਰ ਅਸਤਿਤਵ ਅਤੇ ਵਿਅਕਤੀਤਵ ਦੀ ਪਹਿਚਾਣ ਕਰਾਉਂਦਾ ਹੈ। ਉਸ ਦਾ ਮੰਨਣਾ ਹੈ ਕਿ ਜਦੋਂ ਤੋਂ ਸਮਾਜ ਸਭਿਅਤਾ ਦਾ ਮੁੱਢ ਬੱਝਾ ਹੈ, ਓਦੋਂ ਤੋਂ ਹੀ ਇਸਤਰੀ ਪੁਰਸ਼ ਦੀ ਦਾਸੀ ਬਣੀ ਆ ਰਹੀ ਹੈ। ਇਸ ਲਈ ਦਲੀਪ ਕੌਰ ਟਿਵਾਣਾ ਦੇ ਨਾਵਲੀ ਜਗਤ ਵਿਚ ਅਜਿਹੇ ਸਿਸਟਮ/ਵਿਵਸਥਾ ਦੇ ਪ੍ਰਤਿ ਰੋਸ, ਰੋਹ ਅਤੇ ਵਿਦਰੋਹ ਦੀ ਸੁਰ ਨਜ਼ਰ ਆਉਂਦੀ ਹੈ। ਉਹ ਔਰਤ ਦੀ ਕੁਰਣਾਦਾਇਕ ਵੇਦਨਾ ਅਤੇ ਸੰਵੇਦਨਾ ਦੀ ਲੇਖਿਕਾ ਹੈ। ਔਰਤ ਦੀ ਵੇਦਨਾ ਦਾ ਅਸਲ ਕਾਰਨ ਪਿੱਤਰੀ ਸੱਤਾ ਦਾ ਦਮਨ ਤੇ ਦਾਬਾ ਹੈ। ਇਸ ਲਈ ਨਾਰੀ ਦੀ ਮੁਕਤੀ ਦਾ ਸੰਕਲਪ ਨਾਰੀਵਾਦ ਦੇ ਰੂਪ ਵਿਚ ਸਾਹਮਣੇ ਆਇਆ ਜਿਸ ਦੀ ਸੁਰ ਟਿਵਾਣਾ ਦੇ ਨਾਵਲਾਂ ਵਿਚ ਉਘੜਕੇ ਸਾਹਮਣੇ ਆਉਂਦੀ ਹੈ।

ਦਲੀਪ ਕੌਰ ਟਿਵਾਣਾ ਨੇ ਆਪਣੇ **ਨਾਵਲ 'ਤਖਤ ਹਜ਼ਾਰਾ ਦੂਰ ਕੁੜੇ'** ਰਾਹੀ ਇਸਤਰੀ ਜਾਤੀ ਦੀਆਂ ਸਥਿਤੀਆਂ ਨੂੰ ਇਕ ਤੋਂ ਵੱਧ ਪਰਤਾਂ ਵਿਚ ਰੱਖ ਕੇ ਪੇਸ਼ ਕੀਤਾ ਹੈ। ਟਿਵਾਣਾ ਦੇ ਹੋਰ ਨਾਵਲਾਂ ਦੀ ਤਰ੍ਹਾਂ ਇਸ ਨਾਵਲ ਦਾ ਕੇਂਦਰੀ ਥੀਮ ਵੀ ਭਾਵੇਂ ਔਰਤ ਦੀ ਹੋਂਦ ਨਾਲ ਸੰਬੰਧਤ ਹੈ, ਪ੍ਰੰਤੂ ਇਸ ਨਾਵਲ ਦੀ ਨਾਇਕਾ ਮੀਰਾ ਆਪਣੇ ਸੰਸਕਾਰਾਂ ਅਤੇ ਸਥਿਤੀਆਂ ਹੱਥੋਂ ਮਜ਼ਬੂਰ ਨਹੀਂ ਹੁੰਦੀ, ਸਗੋਂ ਉਹ ਸੁਚੇਤ, ਸਜੱਗ ਅਤੇ ਚੇਤਨ ਯੁਗ ਦੀ ਔਰਤ ਦੇ ਰੂਪ ਵਿਚ ਆਪਣੇ-ਆਪ ਨੂੰ ਪੇਸ਼ ਕਰਦੀ ਹੋਈ ਸਮਾਜਿਕ ਵਿਵਸਥਾ ਪ੍ਰਤਿ ਰੋਸ ਪ੍ਰਗਟ ਕਰਦੀ ਹੈ। ਉਹ ਆਪਣੀ ਹੋਂਦ ਅਤੇ ਹੱਕਾਂ ਲਈ ਆਪਣੀ ਸਥਿਤੀ 'ਚੋਂ ਉਭਰਨ ਦੇ ਕਾਬਿਲ ਹੋ ਚੁੱਕੀ ਹੈ। ਟਿਵਾਣਾ ਨੇ ਇਸ ਨਾਵਲ ਰਾਹੀਂ ਵਿਸ਼ਵ ਪੱਧਰ 'ਤੇ ਔਰਤ ਦੀ ਸਥਿਤੀ ਨੂੰ ਸਾਡੇ ਸਾਹਮਣੇ ਰੱਖਿਆ ਹੈ, ਜਿਸ ਵਿਚ ਪੀੜ੍ਹੀ ਦਰ ਪੀੜ੍ਹੀ ਔਰਤ ਦੀ ਸਥਿਤੀ ਕਿੰਨੀ ਕੁ ਤਬਦੀਲ ਹੁੰਦੀ ਹੈ, ਉਹ ਕਿਸ ਤਰਾ ਦਾ ਤਨਾਅ ਭੋਗਦੀ ਹੈ। ਨਾਵਲਕਾਰਾਂ ਨੇ ਇਸ ਨਾਵਲ 'ਚ ਇਸਤਰੀ ਦੇ ਦੁੱਖ, ਸੰਤਾਪ ਅਤੇ ਕਰੁਣਾਮਈ ਜੀਵਨ ਦਾ ਸੰਬੰਧ ਪੁਰਸ਼ ਪ੍ਰਧਾਨ ਸਮਾਜ, ਸਭਿਆਚਾਰ ਦੇ ਸੰਦਰਭ ਵਿਚ ਪੇਸ਼ ਕੀਤਾ ਹੈ, ਜੋ ਉਸ ਨੂੰ ਪਿੱਤਰੀ ਸੱਤਾ ਦੀ ਕੈਦ 'ਚੋਂ ਮੁਕਤ ਨਹੀਂ ਹੋਣ ਦਿੰਦਾ, ਜੇਕਰ ਉਹ ਕੋਈ ਮਾਰਗ ਅਖ਼ਤਿਆਰ ਵੀ ਕਰਦੀ ਹੈ ਤਾਂ ਉਸ ਨੂੰ ਉਸ ਦਾ ਵੀ ਸੰਤਾਪ ਭੋਗਣਾ ਪੈਂਦਾ ਹੈ, ਇਥੋਂ ਤਕ ਹੀ ਨਹੀਂ ਉਸ ਦਾ ਉਸ ਦੀ ਅਗਲੀ ਪੀੜੀ ਉਸ ਦੀ ਔਲਾਦ ਵਿਸ਼ੇਸ਼ ਤੌਰ 'ਤੇ ਔਰਤ ਹੀ ਹੰਢਾਉਂਦੀ ਹੈ। ਵਾਸਤਵਿਕਤਾ ਇਹ ਹੈ ਸਾਡੀ ਸਮਾਜਕ ਵਿਵਸਥਾ ਦੀ ਦਰਿੰਦਗੀ ਵਿਚਲਾ ਜੋ ਬਿਰਤਾਂਤ ਹੈ, ਉਹ ਔਰਤ ਨੂੰ ਜਿਊਣ ਜੋਗੀ ਨਹੀਂ ਛੱਡਦਾ। ਮੀਰਾ ਦੀ ਮਾਂ ਜਦੋਂ ਆਪਣੇ ਦੋਵਾਂ ਬੱਚਿਆਂ ਨੂੰ ਛੱਡ ਕੇ ਕਿਸੇ ਦੂਸਰੇ ਪੁਰਸ਼ ਨਾਲ ਵਿਦੇਸ਼ ਜਾਣ ਲਈ ਉਧਲ ਜਾਂਦੀ ਹੈ ਤਾਂ ਉਸ ਦਾ ਸੰਤਾਪ ਉਸ ਦੀ ਲੜਕੀ ਮੀਰਾ ਸਾਰੀ ਉਮਰ ਭੋਗਦੀ ਹੈ। ਉਸ ਲਈ ਇਹ ਸਮਾਜ ਕੋਈ ਸਾਕਾਰਤਾਮਕਤਾ ਨਹੀਂ ਦਿਖਾਉਂਦਾ, ਸਗੋਂ ਉਸ ਨੂੰ ਵੀ ਉਸੇ ਦ੍ਰਿਸ਼ਟੀ ਨਾਲ ਦੇਖਦਾ ਹੈ, ਜਿਸ ਤਰ੍ਹਾਂ ਉਸ ਦੀ ਮਾਂ ਨੂੰ ਵੇਖਦਾ ਹੈ। ਨਾਵਲ ਦੀ ਪਾਤਰ ਸੰਤੀ ਜਿਹੜੀ ਉਹਨਾਂ ਦੇ ਘਰ ਕੰਮ ਕਰਦੀ ਸੀ। ਉਹ ਮੀਰਾ ਨੂੰ ਸਮਝਾਉਂਦੀ ਹੋਈ ਆਖਦੀ ਏ:-

> *"ਤੇਰੀ ਮਾਂ ਬਥੇਰੀ ਸਿਆਣੀ ਸੀ.....ਕੁਸ਼ ਸੋਚਿਆ ਈ ਨਾ, ਅਗਲਿਆਂ ਪਿਛਲਿਆ ਨੂੰ ਕਿਧਰੇ ਮੂੰਹ ਦਿਖਾਉਣ ਜੋਗੇ ਨਾ ਛੱਡਿਆ। ਤੀਵੀ ਨੇ ਸਿਰਫ਼ ਆਦਮੀ ਲਈ ਤਾਂ ਨਹੀਂ ਜਿਊਣਾ ਹੁੰਦਾ ਹੈ, ਉਸ ਨੂੰ ਤਾਂ ਆਪਣੇ ਬੱਚਿਆਂ ਲਈ ਜਿਊਣਾ ਪੈਂਦਾ ਹੈ। .....ਜਿਸ ਬੰਦੇ ਦੇ ਝਾਂਸੇ ਵਿਚ ਆ ਕੇ ਕਨੈਡਾ ਜਾਣ ਦੀ ਖਾਤਰ ਘਰੋਂ ਤੁਰ ਗਈ ਸੀ। ਉਸਨੇ ਆਖਦੇ ਕੈਨੇਡਾ ਲਿਜਾ ਕੇ ਉਸ ਨੂੰ ਛੱਡ ਕੇ ਕਿਸੇ ਮੇਮ ਨਾਲ ਵਿਆਹ ਕਰਵਾ ਲਿਆ। ਮਗਰੋਂ ਉਸ ਨਾਲ ਕੀ ਬੀਤੀ?"[6]*

ਇੱਥੇ ਔਰਤ ਦੀ ਹੋਂਦ 'ਤੇ ਪ੍ਰਸ਼ਨ ਚਿੰਨ੍ਹ ਹੈ ਕਿ ਉਸ ਨੇ ਸਿਰਫ ਦੂਸਰਿਆਂ

ਲਈ ਜਿਊਣਾ ਹੈ। ਜੇਕਰ ਕੋਈ ਮਾਰਗ ਉਹ ਆਪਣੇ ਲਈ ਚੁਣਦੀ ਹੈ ਤਾਂ ਉਸ ਦੀ ਅਸਫਲਤਾ ਲਈ ਉਸ ਨੂੰ ਦੁਰਕਾਰਿਆ ਜਾਂਦਾ ਹੈ। ਔਰਤ ਪਤੀ ਲਈ ਜਾਂ ਬੱਚਿਆਂ ਲਈ ਜਿਊਂਦੀ ਹੈ। ਜੇਕਰ ਉਹ ਸਮਾਜਿਕ ਹਾਲਤਾਂ ਨਾਲ ਸਮਝੌਤਾ ਕਰਦੀ ਹੈ ਤਾਂ ਉਹ ਇਕ ਆਦਰਸ਼ ਦੇਵੀ ਸਮਾਨ ਉਸ ਦਾ ਸਤਿਕਾਰ ਕੀਤਾ ਜਾਂਦਾ ਹੈ, ਪ੍ਰੰਤੂ ਜਦੋਂ ਉਹ ਆਪਣੇ ਲਈ ਜਿਊਂਦੀ ਹੈ ਤਾਂ ਉਸ ਦੀ ਹੋਂਦ 'ਤੇ ਪ੍ਰਸ਼ਨ-ਚਿੰਨ ਉੱਠਦਾ ਹੈ।ਪਿਤਾ ਦੀ ਮੌਤ ਤੋਂ ਬਾਅਦ ਜਦੋਂ ਮੀਰਾ ਦਾ ਭਰਾ ਗੁਰਮੀਤ ਉਸ ਨੂੰ ਆਪਣੇ ਕੋਲ ਬਾਹਰ ਅਮਰੀਕਾ ਲੈ ਗਿਆ ਤਾਂ ਉਹ ਏਅਰਪੋਰਟ ਤੋਂ ਘਰ ਜਾਂਦੇ ਸਮੇਂ ਮੀਰਾ ਨੂੰ ਕਹਿੰਦਾ ਹੈ:-

> *"ਇਥੇ ਸ਼ਹਿਰ ਵਿਚ ਕੋਈ ਪੰਜਾਬੀ ਫੈਮਿਲੀ ਰਹਿ ਰਹੀ ਹੈ।... ਬਹੁਤ ਚੰਗੇ ਲੋਕ ਹਨ।.... ਮੈਂ ਅਜੇ ਉਹਨਾਂ ਨਾਲ ਤੇਰਾ ਐਜ਼ ਏ ਪੇਇੰਗ ਗੈਸਟ ਇੰਤਜ਼ਾਮ ਕਰ ਦਿੱਤਾ ਹੈ।.... ਸਾਡੇ ਕੋਲ ਕਮਰੇ ਵੀ ਪੂਰੇ-ਪੂਰੇ ਹਨ।"*[7]

ਵਸਤੂ ਸਥਿਤੀ ਦਾ ਯਥਾਰਥ ਇਹ ਹੈ ਮੀਰਾ ਅਤੇ ਮੀਰਾ ਦੀ ਮਾਂ, ਦੋਵੇਂ ਮਾਵਾਂ ਧੀਆਂ ਦਾ ਦੁਖਾਂਤ ਇਹ ਹੈ ਕਿ ਪੁਰਸ਼ ਪ੍ਰਧਾਨ ਸਮਾਜ ਉਸ ਨੂੰ ਆਪਣੇ ਅਧੀਨ ਰੱਖਦਾ ਹੈ, ਪਰ ਉਸ ਦੀ ਜ਼ਿੰਮੇਵਾਰੀ ਤੋਂ ਕਿਨਾਰਾ ਕਰਦਾ ਹੈ। ਉਸ ਦੀ ਮਾਂ ਆਪਣੇ ਪਤੀ ਤੋਂ ਦੁਖੀ ਹੋ ਕੇ ਵਿਦੇਸ਼ ਆਈ ਸੀ, ਉਸ ਨੇ ਉਸ ਨੂੰ ਏਧਰ ਆ ਕੇ ਛੱਡ ਦਿੱਤਾ ਅਤੇ ਦੂਸਰੇ ਪਾਸੇ ਜਦੋਂ ਮੀਰਾ ਆਪਣੇ ਭਰਾ ਕੋਲ ਆਈ ਤਾਂ ਉਸ ਨੇ ਵੀ ਉਸ ਨੂੰ ਆਪਣੀ ਮਜ਼ਬੂਰੀ ਬਾਰੇ ਕੇ ਕਿਸੇ ਹੋਰ ਪਰਿਵਾਰ ਵਿਚ ਠਹਿਰਾ ਦਿੱਤਾ।ਪਤੀ, ਪ੍ਰੇਮੀ ਅਤੇ ਭਰਾ ਤਿੰਨਾਂ ਰਿਸ਼ਤਿਆਂ ਦੀ ਜਟਿਲਤਾ ਨੂੰ ਨਾਵਲਕਾਰਾਂ ਨੇ ਬਾਖੂਬੀ ਵਿਅੰਗਮਈ ਰੂਪ ਵਿਚ ਚਿਤਰਿਆ ਹੈ।

ਵਿਵਸਥਾ ਵਿਚਲਾ ਸੱਚ ਇਹ ਹੈ ਕਿ ਦੇਸ਼, ਸਮਾਜ ਕੋਈ ਵੀ ਹੋਵੇ ਔਰਤ ਦੀ ਸਥਿਤੀ ਨਹੀਂ ਬਦਲੀ, ਰਿਸ਼ਤਿਆਂ ਦਾ ਕੱਚ-ਸੱਚ ਇਹ ਹੈ ਕਿ ਪੂੰਜੀਵਾਦੀ ਵਿਵਸਥਾ 'ਚ ਹਰ ਰਿਸ਼ਤਾ ਪੈਸੇ 'ਤੇ ਕੇਂਦਰਿਤ ਹੈ। ਗੁਰਮੀਤ ਆਪਣੇ ਸਮਾਜ ਦੀ ਲੋਕ-ਲੱਜ/ਦਿਖਾਵੇ ਲਈ ਮੀਰਾ ਨੂੰ ਕੋਲ ਤਾਂ ਆਇਆ, ਪਰ ਉਸ ਨੂੰ ਆਪਣੇ ਨਾਲ ਆਪਣੇ ਘਰ ਨਹੀਂ ਰੱਖਦਾ ਅਤੇ ਸਾਰੀ ਪਿਤਾ ਪੁਰਖੀ ਜਾਇਦਾਦ ਵੇਚ ਕੇ ਸਾਰਾ ਪੈਸਾ ਆਪਣੇ ਕੋਲ ਰੱਖਦਾ ਹੈ। ਜਦੋਂ ਗੁਰਮੀਤ ਮੀਰਾ ਨੂੰ ਆਪਣੇ ਦੋਸਤ ਨਾਲ ਵਿਆਹ ਦੀ ਸਲਾਹ ਦਿੰਦਾ ਹੈ ਜੋ ਕਿ ਪਹਿਲਾ ਹੀ ਵਿਆਹਿਆ ਹੋਇਆ ਹੈ ਤਾਂ ਮੀਰਾ ਉਸ ਨੂੰ ਸਾਫ਼ ਤੇ ਸਪਸ਼ਟ ਰੂਪ 'ਚ ਕਹਿੰਦੀ ਹੈ:-

> *"ਸਦੀਆਂ ਤੋਂ ਕਿਸ ਹਾਲਤ ਵਿਚ ਔਰਤ ਜੀਅ ਰਹੀ ਹੈ, ਮੁਲਕ ਕੋਈ ਵੀ ਹੋਵੇ, ਉਸ ਨੂੰ ਇਹ ਭੁੱਲ ਗਿਆ ਹੈ ਕਿ ਉਸ ਦੀ ਮਰਜ਼ੀ ਕੀ ਹੈ? ਉਹ ਹਰ ਵੇਲੇ ਆਦਮੀ ਦੀ ਮਰਜ਼ੀ ਲੱਭਦੀ ਤੇ ਉਸ ਨੂੰ ਪੂਰੀਆਂ ਕਰਨ 'ਚ ਲੱਗੀ ਰਹਿੰਦੀ ਐ। ..... ਔਰਤ ਨੂੰ ਹਰ ਪੱਧਰ 'ਤੇ ਖੁਆਰ ਕੀਤਾ ਜਾਂਦਾ ਹੈ... ਔਰਤ ਕੋਲ ਉਸ ਦੀ ਸੋਚ ਵੀ ਉਸ ਦੀ ਆਪਣੀ ਨਹੀਂ ਹੁੰਦੀ। ਇਸ ਕਰਕੇ ਅੱਜ ਕੱਲ੍ਹ ਕੁੜੀਆਂ ਵਿਆਹ ਤੋਂ ਤ੍ਰੈਂਦੀਆਂ ਹਨ।"*[8]

ਮੀਰਾ ਅੱਗੇ ਚਲਕੇ ਆਖਦੀ ਹੈ:-

> *"ਸੀਤਾ ਤੇ ਸਵਿਤਰੀ ਬੜੇ ਖ਼ੂਬਸੂਰਤ ਆਦਰਸ਼ ਨੇ। ਪਰ ਇਹ ਸਭ ਔਰਤ ਨੂੰ ਖ਼ਤਮ ਕਰਨ ਵਾਲੇ ਆਦਰਸ਼ ਹਨ।"*[9]

ਔਰਤ ਲਈ ਵਿਵਸਥਾ ਨਹੀਂ ਬਦਲੀ, ਭਾਵੇ ਉਹ ਕਿਸੇ ਵੀ ਮੁਲਕ ਵਿਚ ਰਹਿ ਰਹੀ ਹੋਵੇ। ਜੋ ਆਦਰਸ਼ ਔਰਤ ਬਣਨ ਲਈ ਨਿਰਧਾਰਿਤ ਕੀਤੇ ਗਏ ਹਨ, ਉਹ ਸਾਰੇ ਉਸ ਦੇ ਅੰਦਰਲੇ ਨੂੰ ਖ਼ਤਮ ਕਰ ਕੇ ਜਾਂ ਮਾਰ ਕੇ ਹੀ ਅਮਲੀ ਜ਼ਿੰਦਗੀ ਵਿਚ ਢਾਲੇ ਜਾ ਸਕਦੇ ਹਨ। ਸਦਾਚਾਰ, ਨੈਤਿਕ ਕਦਰਾਂ-ਕੀਮਤਾਂ, ਮਰਿਆਦਾ ਯੁਕਤ ਸੰਜਮਮਈ ਜੀਵਨ ਇਹ ਜੀਵਨ-ਸ਼ੈਲੀ ਔਰਤ 'ਤੇ ਹੀ ਲਾਗੂ ਹੁੰਦੀ ਹੈ।ਇਹੀ ਕਾਰਨ ਹੈ ਕਿ ਅੱਜ ਪੂੰਜੀਵਾਦੀ ਯੁਗ ਵਿਚ ਵਿਆਹ ਪ੍ਰਣਾਲੀ ਤੋਂ ਨੌਜਵਾਨ ਪੀੜੀ ਔਰਤ ਵਰਗ ਵਿਸ਼ੇਸ਼ ਤੌਰ 'ਤੇ ਵਿੱਥ ਸਥਾਪਤ ਕਰ ਰਹੀ ਹੈ।ਮਰਦ ਨੂੰ ਔਰਤ ਦੀ ਸੁਪੀਰੀਅਰਨੈਸ ਦਾ ਪਹਿਲਾਂ ਵੀ ਅਭਾਵ ਸੀ ਇਸ ਲਈ ਉਹ ਔਰਤ ਨੂੰ ਸਦੀਆਂ ਤੋਂ ਦਬਾਉਂਦਾ ਚਲਿਆ ਆ ਰਿਹਾ ਹੈ। ਸ਼ਿਵਦਿਆਲ ਮੀਰਾ ਬਾਰੇ ਆਖਦਾ ਹੈ:-

> *"ਬੰਦੇ ਲਈ ਕਿਸੇ ਸੁਪੀਰੀਅਰ ਔਰਤ ਨੂੰ ਜਰਨਾ ਔਖਾ ਹੁੰਦਾ ਹੈ। ਉਸ ਦਾ ਜੀਅ ਕਰੇਗਾ ਇਸ ਦੀ ਹਰ ਗੱਲ 'ਤੇ ਹੇਠੀ ਕੀਤੀ ਜਾਵੇ। ਛਿੱਲ ਤਰਾਸ਼ ਕੇ ਆਪਣੀ ਮੇਚ ਦੀ ਬਣਾਈ ਜਾਵੇ। ਬੰਦੇ ਦੇ ਵੀ ਕੁਝ ਵਸ ਨਹੀਂ, ਸਦੀਆਂ ਤੋਂ ਉਸ ਨੇ ਇਹੀ ਸਿੱਖਿਆ ਹੈ।"*[10]

*ਵਿਡੰਬਨਾ ਇਹ ਹੈ ਕਿ ਜਿਥੇ ਮੀਰਾ ਦਾ ਭਰਾ ਉਸ ਦੀ ਇਸ ਸੁਪੀਰੀਨੈਸ ਨੂੰ ਸਮੱਸਿਆ ਸਮਝਦਾ ਹੈ, ਜਦਕਿ ਉਸੇ ਦਾ ਦੋਸਤ ਸ਼ਿਵਦਿਆਲ ਕਹਿੰਦਾ ਹੈ, 'ਪਰਾਬਲਮ ਉਹ ਨਹੀਂ, ਉਹ ਪਰਾਬਲਮ ਨੂੰ ਸਮਝਦੀ ਹੈ' ਉਹ ਗੁਰਮੀਤ ਨੂੰ ਕਹਿੰਦਾ ਹੈ:-*

> *"ਉਸਨੇ ਜੋ ਜੀਵਨ-ਸ਼ੈਲੀ ਚੁਣੀ ਹੈ, ਉਹ ਸਾਡੀ ਭਵਿਖ ਦੀ ਔਰਤ ਲਈ ਹੈ, ਅਜੇ ਸਾਨੂੰ ਉਸ ਦੀਆਂ ਗੱਲਾਂ ਦੀ ਸਮਝ ਨਹੀਂ ਲਗਦੀ, ਇਸ ਲਈ ਅਸੀਂ ਇਕ ਮਰਦ ਦੀ ਦ੍ਰਿਸ਼ਟੀ ਤੋਂ ਸੋਚਦੇ ਹਾਂ।"*[11]

*ਇਸ ਨਾਵਲ ਵਿਚਲਾ ਕੇਂਦਰੀ ਨੁਕਤਾ ਸਾਡੀ ਸਮਾਜਿਕ, ਆਰਥਿਕ ਅਤੇ ਸਭਿਆਚਾਰਕ ਵਿਵਸਥਾ ਜੋ ਕਿ ਮਰਦ ਪ੍ਰਧਾਨ,ਪਿੱਤਰੀ ਸੱਤਾ ਪ੍ਰਧਾਨ ਹੈ,ਇਸ ਵਿਚ ਔਰਤ ਲਈ ਪ੍ਰੇਮ ਵਰਜਿਤ ਹੈ। ਸਮਾਜ ਔਰਤ ਨੂੰ ਪ੍ਰੇਮ ਸੰਬੰਧਾਂ/ਪ੍ਰੇਮ ਵਿਆਹ ਦੀ ਆਜ਼ਾਦੀ ਨਹੀਂ ਦਿੰਦੇ, ਜਿਸ ਕਾਰਨ ਔਰਤ ਤਨਾਅ ਹੰਢਾਉਂਦੀ ਹੈ। ਨਾਵਲਕਾਰ ਨੇ ਇਸ ਨਾਵਲ ਦੀਆਂ ਪਰਤਾਂ ਨੂੰ ਬਹੁਪੱਖੀ ਜੁਗਤਾਂ ਰਾਹੀ ਖੋਲਿਆ*

*ਹੈ- ਕਿਧਰੇ ਮਾਂ ਦੇ ਰੂਪ ਵਿਚ, ਧੀ ਦੇ ਰੂਪ ਵਿਚ। ਅਸਲ ਵਿਚ ਉਹ ਤਨਾਅ ਹੀ ਭੋਗਦੀ ਹੈ। ਜੇਕਰ ਉਹ ਆਪਣੇ ਪ੍ਰੇਮੋਪਿਆਰ ਸੰਬੰਧਾਂ ਦਾ ਖੁੱਲ੍ਹਾ ਪ੍ਰਦਰਸ਼ਨ ਕਰਦੀ ਹੈ ਜਾਂ ਆਪਣੇ ਅਨੁਕੂਲ ਸਥਿਤੀਆਂ ਨੂੰ ਬਣਾਉਣਾ ਚਾਹੁੰਦੀ ਹੈ ਤਾਂ ਵੀ ਉਹ ਸੰਤਾਪ ਹੀ ਭੋਗਦੀ ਹੈ। ਜੇਕਰ ਉਹ ਆਪਣੀਆਂ ਭਾਵਨਾਵਾਂ ਨੂੰ ਆਪਣੇ ਅੰਦਰ ਦੀ ਦਮਿਤ ਕਰਦੀ ਹੈ, ਫਿਰ ਵੀ ਉਹ ਸਾਰੀ ਉਮਰ ਤਨਾਅ ਹੰਢਾਉਂਦੀ ਹੈ। ਦੋਵੇਂ ਹਾਲਾਤਾਂ ਉਸ ਲਈ ਖ਼ੁਸ਼ਗਵਾਰ ਨਹੀਂ। ਇਹੀ ਕਾਰਨ ਹੈ ਕਿ ਉਸ ਨੂੰ ਆਪਣੇ ਦਿਲ ਦੇ ਤਖ਼ਤ ਹਜ਼ਾਰੇ ਦਾ ਰਾਂਝਾ ਨਹੀਂ ਮਿਲਦਾ। ਜਾਗੀਰਦਾਰੀ ਸਾਮੰਤਵਾਦੀ ਵਿਵਸਥਾ ਤੋਂ ਲੈ ਕੇ ਅੱਜ ਪੂੰਜੀਵਾਦੀ ਸਮਾਇਦਾਰੀ ਯੁਗ ਤਕ ਵੀ ਉਸ ਦਾ ਤਖ਼ਤ ਹਜ਼ਾਰਾ ਪਿਆਰ ਵਿਹੂਣਾ ਹੀ ਰਿਹਾ।*

ਦਲੀਪ ਕੌਰ ਟਿਵਾਣਾ ਨੇ ਸਾਡੇ ਸਾਹਮਣੇ ਸਾਡੀ ਸਮਾਜਕ ਵਿਵਸਥਾ ਦਾ ਜੋ ਇੱਕ ਚਿੱਤਰ ਪੇਸ਼ ਕੀਤਾ ਹੈ, ਇਸ 'ਚ ਔਰਤ ਦੀ ਸਥਿਤੀ ਅਸਾਂਵੀ ਹੈ। ਤ੍ਰਾਸਦਮਈ ਸਥਿਤੀ ਦੇ ਕਾਰਨ ਸਮਾਜਕ, ਆਰਥਿਕ ਤੇ ਸੰਸਕ੍ਰਿਤਕ ਵਿਵਸਥਾ 'ਚ ਪਏ ਹਨ ਜਿਹੜੀ ਅਸਾਂਵੀ ਹੈ। ਵਿਸ਼ੇਸ਼ ਰੂਪ 'ਚ ਔਰਤ ਮਰਦ ਦੇ ਸੰਬੰਧ ਦੇ ਬਾਰੇ 'ਚ ਅਸਾਂਵੀ ਹੈ। ਉਸ ਦੀਆਂ ਭਾਵਨਾਵਾਂ ਜੋ ਕਿ ਉਸ ਦੇ ਆਪਣੇ ਅਸਵਿਤਤਵ ਦੀ ਅਭਿਵਿਆਕਤੀ ਵੀ ਉਸ ਲਈ ਵਰਜਿਤ ਹੈ, ਇਥੋਂ ਤਕ ਕਿ ਉਸ ਦਾ ਆਪਣੇ-ਆਪੇ ਦਾ ਉਸ ਦੀ ਦੇਹ 'ਤੇ ਵੀ ਅਧਿਕਾਰ ਨਹੀਂ।

ਸਮੁੱਚਤਾ ਵਿਚ ਦੇਖੀਏ ਤਾਂ ਟਿਵਾਣਾ ਦੇ ਨਾਵਲੀ ਜਗਤ ਦੇ ਕੇਂਦਰ ਵਿਚ ਔਰਤ ਹੀ ਹੁੰਦੀ ਹੈ।ਔਰਤ ਦੀਆਂ ਕਰੁਣਾਮਈ ਵੇਦਨਾਵਾਂ ਦਾ ਪ੍ਰਗਟਾ ਕਰਦੀ ਹੈ।ਸਾਡਾ ਸਮਾਜ ਅਜੇ ਵੀ ਸਮੇਂ ਦੇ ਹਾਣ ਦਾ ਨਹੀਂ ਹੋਇਆ, ਭਾਵੇ ਕੇ ਅਸੀਂ ਪੂਜੀਵਾਦੀ ਸਰਮਾਇਦਾਰੀ ਦੇ ਯੁਗ ਵਿਚ ਵਿਚਰ ਰਹੇ ਹਾਂ।ਦਲੀਪ ਕੌਰ ਟਿਵਾਣਾ ਦਾ ਇਹ ਨਾਵਲ ਸਮਾਜ-ਸਭਿਆਚਾਰ ਦੇ ਅੰਤਰ-ਵਿਰੋਧਾਂ ਦੀ ਪੇਸ਼ਕਾਰੀ ਕਰਦਾ ਹੈ, ਜੋ ਔਰਤ ਦੇ ਤ੍ਰਾਸਦ ਬੋਧ ਨੂੰ ਯਥਾਰਵਾਦੀ ਰੂਪ ਵਿਚ ਪ੍ਰਸਤੁਤ ਕਰਦੀ ਹੈ।ਉਹ ਆਪਣੇ ਨਾਵਲੀ ਸੰਸਾਰ ਵਿਚ ਅਜਿਹੀਆਂ ਸਥਿਤੀਆਂ ਦੀ ਸਿਰਜਣਾ ਕਰਦੀ ਹੈ, ਜਿਹੜੀਆਂ ਪਾਠਕ ਵਰਗ ਵਿਚ ਬਦਲਾਅ ਦੀ ਸੂਝ ਚੇਤਨਾ ਜਗਾਉਂਦੀਆਂ ਹਨ।ਉਸ ਨੇ ਨਵੇਂ ਪੁਰਾਣੇ ਪ੍ਰਬੰਧਾਂ ਦਾ ਸੰਘਰਸ਼ਮਈ ਰੂਪ ਸਾਡੇ ਸਾਹਮਣੇ ਉਘਾੜਿਆ ਹੈ।

## *ਹਵਾਲੇ ਅਤੇ ਟਿੱਪਣੀਆਂ*


1. *Encyclopaedia of Britannica 257*
2. *S.A. Dange, India from Primitive Communism to slavery p. 125*
3. *Simon De Beauvoir, The second Sex. P.17*
4. *M.H. Kidwai, Woman. P.3*
5. *Ibid, p.3*
6. *ਦਲੀਪ ਕੌਰ ਟਿਵਾਣਾ, ਤਖਤ ਹਜ਼ਾਰਾ ਦੂਰ ਕੁੜੇ, ਪੰਨਾ, 12*
7. *ਉਹੀ, ਪੰਨਾ 19*
8. *ਉਹੀ, ਪੰਨਾ 51*
9. *ਉਹੀ, ਪੰਨਾ 52*
10. *ਉਹੀ, ਪੰਨਾ 51*
11. *ਉਹੀ, ਪੰਨਾ 59*